**ਪੰਜਾਬ ਵਿਧਾਨ ਸਭਾ ਸਕੱਤਰੇਤ**

**(ਆਈ.ਟੀ.ਸ਼ਾਖਾ)**

**ਕੁਟੇਸ਼ਨਾਂ ਮੰਗਵਾਉਣ ਲਈ ਨੋਟਿਸ**

ਸੂਚਨਾ ਅਧੀਨ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਲੱਗੇ ਕੰਪਿਊਟਰਾਂ ਅਤੇ ਅਲਾਇਡ ਆਈਟਮਜ਼ ਦੀ ਸੀ.ਏ.ਐਮ.ਸੀ. ਕਰਵਾਉਣ ਲਈ ਇੱਕ ਸਾਲ ਦਾ ਠੇਕਾ ਕੀਤਾ ਜਾਣਾ ਹੈ। ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਵਰਤੇ ਜਾਂਦੇ ਹਾਰਡਵੇਅਰ ਦੀ ਲਿਸਟ ਹੇਠ ਦਰਸਾਏ ਅਨੁਸਾਰ ਹੈ:

| Sr. No. | Items | Quantity |
|---|---|---|
| 01. | DESKTOP PC (i3/i5/i7) | 63 |
| 02. | DESKTOP PC (APPLE iMAC 27) | 02 |
| 03. | ACER LAPTOP TMP-245 | 08 |
| 04. | LASER PRINTER MULTICOLOUR FUNCTION | 03 |
| 05. | LASER PRINTER MONO FUNCTION | 89 |
| 06. | LASER PRINTER MULTI FUNCTION | 32 |
| 07. | INKJET PRINTER | 01 |
| 08. | UPS<1000 VA | 78 |
| 09. | UPS>1000 VA | 01 |

ਉਕਤ ਕੰਪਿਊਟਰਾਂ ਅਤੇ ਅਲਾਇਡ ਆਈਟਮਜ਼ ਵਾਸਤੇ ਨਿਮਨ ਸ਼ਰਤਾਂ ਤੇ ਓਪਨ ਮਾਰਕੀਟ ਵਿੱਚੋਂ ਰੇਟ ਕੁਟੇਸ਼ਨਾਂ ਮੰਗਵਾਈਆਂ ਜਾਂਦੀਆਂ ਹਨ:

1. ਇਹ ਠੇਕਾ, ਠੇਕਾ ਸ਼ੁਰੂ ਹੋਣ ਦੀ ਮਿਤੀ ਤੋਂ ਇੱਕ ਸਾਲ ਲਈ ਹੋਵੇਗਾ।
2. ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਕੰਮ-ਕਾਜੀ ਦਿਨਾਂ ਵਿੱਚ ਵੈਂਡਰ ਦਾ ਇੰਜੀਨੀਅਰ ਦਫ਼ਤਰੀ ਸਮੇਂ ਦੌਰਾਨ ਰੈਜ਼ੀਡੈਂਟ ਇੰਜੀਨੀਅਰ ਵਜੋਂ ਮੌਜੂਦ ਰਹੇਗਾ।

3. ਪੰਜਾਬ ਵਿਧਾਨ ਸਭਾ ਸਕੱਤਰੇਤ ਵਿੱਚ ਕੰਮ-ਕਾਜੀ ਦਿਨਾਂ ਤੋਂ ਇਲਾਵਾ ਵੈਂਡਰ ਦਾ ਇੰਜੀਨੀਅਰ ਮਾਣਯੋਗ ਸਪੀਕਰ ਅਤੇ ਮਾਣਯੋਗ ਡਿਪਟੀ ਸਪੀਕਰ ਦੇ ਕੈਂਪ ਆਫਿਸ ਵਿੱਚ ਆਪਣੀ ਮੌਜੂਦਗੀ ਯਕੀਨੀ ਬਣਾਏਗਾ।

4. ਵੈਂਡਰ ਹਰ ਤਿੰਨ ਮਹੀਨੇ ਬਾਅਦ ਆਪਣੀ ਪ੍ਰਿਵੈਂਨਟਿਵ ਮੈਨਟੀਨੈਂਸ ਦੇਵੇਗਾ।

5. ਵੈਂਡਰ ਹਰ ਮਹੀਨੇ ਦੇ ਅਖੀਰ ਤੇ ਪੰਜਾਬ ਵਿਧਾਨ ਸਭਾ ਸਕੱਤਰੇਤ ਦੀਆਂ ਸਮੂਹ ਸ਼ਾਖਾਵਾਂ ਸਮੇਤ ਮਾਣਯੋਗ ਸਪੀਕਰ ਅਤੇ ਮਾਣਯੋਗ ਡਿਪਟੀ ਸਪੀਕਰ ਦੇ ਕੈਂਪ ਆਫਿਸ ਦੀਆਂ ਸਾਰੀਆਂ ਸਿਕਾਇਤਾਂ/ਸਰਵਿਸ ਦਾ ਰਿਕਾਰਡ ਮੇਨਟੇਨ ਕਰਕੇ ਸਿਸਟਮ ਐਨਾਲਿਸਟ ਨੂੰ ਸਬਮਿਟ ਕਰੇਗਾ।

6. ਵੈਂਡਰ ਚੰਡੀਗੜ੍ਹ, ਮੁਹਾਲੀ ਜਾਂ ਪੰਚਕੂਲਾ (ਟ੍ਰਾਈਸਿਟੀ) ਵਿੱਚੋਂ ਹੀ ਹੋਣਾ ਚਾਹੀਦਾ ਹੈ ਅਤੇ ਉਸ ਕੋਲ ਕਿਸੇ ਵੀ ਵਿਧਾਨ ਸਭਾ ਜਾਂ ਕਿਸੇ ਸਰਕਾਰੀ ਅਦਾਰੇ ਵਿੱਚ ਉਕਤ ਕੰਮਾਂ ਸੰਬੰਧੀ ਤਜਰਬਾ ਹੋਣਾ ਚਾਹੀਦਾ ਹੈ।

7. ਸਰਕਾਰ ਦੀਆਂ ਹਦਾਇਤਾਂ ਮੁਤਾਬਕ ਇਸ ਬਾਰੇ ਜੀ.ਐਸ.ਟੀ. ਪੰਜਾਬ ਵਿੱਚ Payable ਹੋਣਾ ਚਾਹੀਦਾ ਹੈ।

8. ਜਿਹੜੇ ਵੈਂਡਰ ਦੇ ਰੇਟ ਘੱਟ ਹੋਣਗੇ, ਉਸ ਨੂੰ ਠੇਕਾ ਦੇਣ ’ਤੇ ਵਿਚਾਰ ਕੀਤਾ ਜਾਵੇਗਾ।

ਜਿਹੜੇ ਵੈਂਡਰ ਉਕਤ ਸ਼ਰਤਾਂ ਨਾਲ ਸਹਿਮਤ ਹੋਣ, ਉਨ੍ਹਾਂ ਦੀਆਂ ਕੁਟੇਸ਼ਨਾਂ ਮਿਤੀ 23 ਸਤੰਬਰ, 2025 ਨੂੰ ਸ਼ਾਮ 4.00 ਵਜੇ ਤੱਕ ਸਕੱਤਰ,ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਦਫ਼ਤਰ ਵਿੱਚ ਬੰਦ ਲਿਫਾਫੇ ਵਿੱਚ ਰਜਿਸਟਰਡ ਡਾਕ ਰਾਹੀਂ ਹਰ ਹਾਲਤ ਵਿੱਚ ਪਹੁੰਚ ਜਾਣੀਆਂ ਚਾਹੀਦੀਆਂ ਹਨ। ਨਿਰਧਾਰਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਕੁਟੇਸ਼ਨਾਂ ’ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਇਹ ਕੁਟੇਸ਼ਨਾਂ ਮਿਤੀ 24 ਸਤੰਬਰ, 2025 ਨੂੰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਦੇ ਦਫ਼ਤਰ ਵਿੱਚ ਸਵੇਰੇ 11.00 ਵਜੇ ਖੋਲ੍ਹੀਆਂ ਜਾਣਗੀਆਂ। ਕੁਟੇਸ਼ਨਾਂ ਸੰਬੰਧੀ ਕੋਈ ਵੀ ਫੈਸਲਾ ਲੈਣ ਦਾ ਆਖਰੀ ਅਧਿਕਾਰ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਕੋਲ ਹੋਵੇਗਾ।

ਮਿਤੀ: 15 ਸਤੰਬਰ, 2025

ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।